**Home Assignment : Class 10th : Subject- Science**

**GSSS Machhike (MOGA) : Teacher- Kirandeep Singh (9463243115)**

# ਅਧਿਆਇ–15 ਸਾਡਾ ਵਾਤਾਵਰਨ

**ਪ੍ਰਸ਼ਨ 1– ਕੀ ਕਾਰਨ ਹੈ ਕਿ ਕੁੱਝ ਪਦਾਰਥ ਜੈਵ ਵਿਘਟਨਸ਼ੀਲ ਹੁੰਦੇ ਹਨ ਅਤੇ ਕੁੱਝ ਜੈਵ ਅਵਿਘਟਨਸ਼ੀਲ?**

ਉੱਤਰ- ਉਹ ਪਦਾਰਥ ਜਿਨ੍ਹਾਂ ਨੂੰ ਕੁੱਝ ਸੂਖਮਜੀਵਾਂ ਦੁਆਰਾ ਸਰਲ ਪਦਾਰਥਾਂ ਵਿੱਚ ਤੋੜਿਆ ਜਾਂਦਾ ਹੈ, ਉਹ ਪਦਾਰਥ ਜੈਵ ਵਿਘਟਨਸ਼ੀਲ ਹੁੰਦੇ ਹਨ।ਉਹ ਪਦਾਰਥ ਜਿਨ੍ਹਾਂ ਨੂੰ ਸੂਖਮਜੀਵਾਂ ਦੁਆਰਾ ਸਰਲ ਪਦਾਰਥਾਂ ਵਿੱਚ ਨਹੀਂ ਤੋੜਿਆ ਜਾ ਸਕਦਾ ਹੈ, ਉਹ ਪਦਾਰਥ ਜੈਵ ਅਵਿਘਟਨਸ਼ੀਲ ਹੁੰਦੇ ਹਨ।

**ਪ੍ਰਸ਼ਨ 2– ਅਜਿਹੇ ਦੋ ਢੰਗ ਦੱਸੋ ਜਿੰਨ੍ਹਾਂ ਨਾਲ ਜੈਵ ਵਿਘਟਨਸ਼ੀਲ ਪਦਾਰਥ ਵਾਤਾਵਰਨ ਨੂੰ ਪ੍ਰਭਾਵਿਤ ਕਰਦੇ ਹਨ?**

ਉੱਤਰ- (1) ਜੈਵ ਵਿਘਟਨਸ਼ੀਲ ਪਦਾਰਥਾਂ ਦੇ ਵਿਘਟਨ ਦੌਰਾਨ ਦੁਰਗੰਧ ਪੈਦਾ ਹੁੰਦੀ ਹੈ ਅਤੇ ਹਵਾ ਪ੍ਰਦੂਸ਼ਣ ਹੁੰਦਾ ਹੈ।

(2) ਜੈਵ ਵਿਘਟਨਸ਼ੀਲ ਪਦਾਰਥ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ ਅਤੇ ਵਾਤਾਵਰਨ ਨੂੰ ਸਾਫ ਕਰਦੇ ਹਨ।

**ਪ੍ਰਸ਼ਨ 3– ਅਜਿਹੇ ਦੋ ਢੰਗ ਦੱਸੋ ਜਿੰਨ੍ਹਾਂ ਨਾਲ ਜੈਵ ਅਵਿਘਟਨਸ਼ੀਲ ਪਦਾਰਥ ਵਾਤਾਵਰਨ ਨੂੰ ਪ੍ਰਭਾਵਿਤ ਕਰਦੇ ਹਨ?**

ਉੱਤਰ- (1) ਜੈਵ ਅਵਿਘਟਨਸ਼ੀਲ ਪਦਾਰਥ ਹਵਾ, ਪਾਣੀ ਅਤੇ ਮਿੱਟੀ ਦਾ ਪ੍ਰਦੂਸ਼ਣ ਕਰਦੇ ਹਨ ।

(2) ਜੈਵ ਅਵਿਘਟਨਸ਼ੀਲ ਪਦਾਰਥ ਭੋਜਨ ਲੜੀ ਵਿੱਚ ਰਲ ਕੇ ਜੈਵਿਕ ਵਧਾਓ ਦਾ ਕਾਰਨ ਬਣਦੇ ਹਨ।

**ਪ੍ਰਸ਼ਨ 4– ਆਹਾਰੀ ਪੱਧਰ ਕੀ ਹੈ? ਇੱਕ ਭੋਜਨ ਲੜੀ ਦੀ ਉਦਾਹਰਣ ਦਿਓ ਅਤੇ ਇਸ ਵਿੱਚ ਭਿੰਨ ਆਹਾਰੀ ਪੱਧਰ ਦੱਸੋ।**

ਉੱਤਰ- ਭੋਜਨ ਲੜੀ ਦਾ ਹਰੇਕ ਪੜਾਅ ਜਿਸ ਤੇ ਊਰਜਾ ਦਾ ਪ੍ਰਵਾਹ ਹੁੰਦਾ ਹੈ।ਭੋਜਨ ਲੜੀ ਦੀ ਉਦਾਹਰਣ-

ਘਾਹ (ਉਤਪਾਦਕ)-----→ਘਾਹ ਦਾ ਟਿੱਡਾ (ਸ਼ਾਕਾਹਾਰੀ)---→ ਡੱਡੂ (ਮਾਸਾਹਾਰੀ)

ਆਹਾਰੀ ਪੱਧਰ= ਪਹਿਲਾ ਦੂਜਾ ਤੀਜਾ

**ਪ੍ਰਸ਼ਨ 5– ਪ੍ਰਸਥਿਤਿਕ ਪ੍ਰਬੰਧ ਵਿੱਚ ਨਿਖੇੜਕਾਂ ਦੀ ਕੀ ਭੂਮਿਕਾ ਹੈ?**

ਉੱਤਰ- ਨਿਖੇੜਕ ਉਹ ਸੂਖਮਜੀਵਾਂ ਨੂੰ ਕਹਿੰਦੇ ਹਨ ਜੋ ਜੀਵਾਂ ਦੀ ਰਹਿੰਦ-ਖੂੰਹਦ ਜਾਂ ਮਰੇ ਹੋਏ ਜੀਵਾਂ ਦੇ ਸਰੀਰਾਂ ਨੂੰ ਸਰਲ ਅਕਾਰਬਨਿਕ ਪਦਾਰਥਾਂ ਵਿੱਚ ਬਦਲ ਦਿੰਦੇ ਹਨ ਜੋ ਮਿੱਟੀ ਵਿੱਚ ਰਲ ਜਾਂਦੇ ਹਨ ਅਤੇ ਪੌਦਿਆਂ ਦੁਆਰਾ ਮੁੜ ਉਪਯੋਗ ਵਿੱਚ ਲਿਆਂਦੇ ਜਾਂਦੇ ਹਨ। ਇਸ ਤਰ੍ਹਾਂ ਨਿਖੇੜਕ ਕਿਸੇ ਪ੍ਰਸਥਿਤਿਕ ਪ੍ਰਬੰਧ ਦੀ ਸਫਾਈ ਕਰਦੇ ਹਨ।

**ਪ੍ਰਸ਼ਨ 6– ਓਜ਼ੋਨ ਕੀ ਹੈ ਅਤੇ ਇਹ ਪਰਿਸਥਿਤਿਕ ਪ੍ਰਬੰਧ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?**

ਉੱਤਰ- ਓਜੋਨ ਆਕਸੀਜਨ ਦਾ ਤੀਹਰਾ ਪਰਮਾਣੂ ਹੈ। ਓਜ਼ੋਨ ਸਾਡੇ ਵਾਯੂਮੰਡਲ ਦੀ ਇੱਕ ਪਰਤ ਹੈ ਜੋ ਸਾਨੂੰ ਸੂਰਜ ਤੋਂ ਆਉਣ ਵਾਲੀਆਂ ਖਤਰਨਾਕ ਪਰਾਬੈਂਗਨੀ ਕਿਰਨਾਂ ਤੋਂ ਬਚਾਉਂਦੀ ਹੈ।ਪਰਾਬੈਂਗਨੀ ਕਿਰਨਾਂ ਮਨੁੱਖ ਵਿੱਚ ਚਮੜੀ ਦਾ ਕੈਂਸਰ ਕਰਦੀਆਂ ਹਨ।ਕਲੋਰੋ-ਫਲੋਰੋ ਕਾਰਬਨ (CFC) ਜਿਹੇ ਪਦਾਰਥ ਓਜੋਨ ਦੀ ਪਰਤ ਨੂੰ ਨੁਕਸਾਨ ਪਹੁੰਚਾਉਂਦੇ ਹਨ।

GSSSCHOOL MACHHIKE(MOGA)

**ਪ੍ਰਸ਼ਨ 7– ਤੁਸੀਂ ਕੂੜੇ ਕਰਕਟ ਦੇ ਨਿਪਟਾਰੇ ਦੀ ਸਮੱਸਿਆ ਘੱਟ ਕਰਨ ਵਿੱਚ ਕੀ ਯੋਗਦਾਨ ਪਾ ਸਕਦੇ ਹੋ? ਕੋਈ ਦੋ ਤਰੀਕਿਆਂ ਦਾ ਵਰਣਨ ਕਰੋ।**

ਉੱਤਰ– (1) 3–R ਦਾ ਸਿਧਾਂਤ (ਘੱਟ ਵਰਤੋਂ, ਮੁੜ ਵਰਤੋਂ, ਮੁੜ ਚੱਕਰਣ) ਵਰਤ ਕੇ ਕੂੜੇ ਕਰਕਟ ਦੇ ਨਿਪਟਾਰੇ ਦੀ ਸਮੱਸਿਆ ਘੱਟ ਕੀਤੀ ਜਾ ਸਕਦੀ ਹੈ।

(2) ਕੂੜੇ ਕਰਕਟ ਨੂੰ ਟੋਏ ਵਿੱਚ ਦੱਬ ਕੇ ਖਾਦ ਤਿਆਰ ਕੀਤੀ ਜਾ ਸਕਦੀ ਹੈ।

# ਅਭਿਆਸ ਦੇ ਪ੍ਰਸ਼ਨ–ਉੱਤਰ

**ਪ੍ਰਸ਼ਨ 1– ਹੇਠ ਲਿਖਿਆਂ ਵਿਚੋਂ ਕਿਹੜੇ ਸਮੂਹਾਂ ਵਿੱਚ ਕੇਵਲ ਜੈਵ–ਵਿਘਟਨਸ਼ੀਲ ਪਦਾਰਥ ਹਨ–**

- **(a) ਘਾਹ, ਫੁੱਲ, ਚਮੜਾ** ✓
- **(b) ਘਾਹ, ਲੱਕੜੀ, ਪਲਾਸਟਿਕ**
- **(c) ਫਲਾਂ ਦੇ ਛਿੱਲੜ, ਕੇਕ ਅਤੇ ਨਿੰਬੂ ਦਾ ਰਸ** ✓
- (d) **ਕੇਕ, ਲੱਕੜੀ ਅਤੇ ਘਾਹ।** ✓

**ਪ੍ਰਸ਼ਨ 2– ਹੇਠ ਲਿਖਇਆਂ ਵਿੱਚੋਂ ਕਿਹੜੇ ਭੋਜਨ ਲੜੀ ਦਾ ਨਿਰਮਾਣ ਕਰਦੇ ਹਨ– ਘਾਹ, ਕਣਕ ਅਤੇ ਅੰਬ**

- **(a) ਘਾਹ, ਕਣਕ ਅਤੇ ਅੰਬ**
- **(b) ਘਾਹ, ਬੱਕਰੀ, ਮਨੁੱਖ** ✓
- **(c) ਬੱਕਰੀ, ਗਾਂ, ਹਾਥੀ**
- **(d) ਘਾਹ, ਮੱਛੀ, ਬੱਕਰੀ**

**ਪ੍ਰਸ਼ਨ 3– ਹੇਠ ਲਿਖਿਆਂ ਵਿੱਚੋਂ ਕਿਹੜਾ ਵਾਤਾਵਰਨੀ ਪੱਖੀ ਵਿਵਹਾਰ ਦਰਸਾਉਂਦਾ ਹੈ–**

- **(a) ਬਾਜਾਰ ਜਾਂਦੇ ਸਮੇਂ ਸਮਾਨ ਲਈ ਕੱਪੜੇ ਦਾ ਥੈਲਾ ਲੈ ਜਾਣਾ।**
- **(b) ਕਾਰਜ ਸਮਾਪਤ ਹੋਣ ਤੇ ਲਾਈਟ ਅਤੇ ਪੱਖੇਦਾ ਸਵਿੱਚ ਬੰਦ ਕਰਨਾ।**
- **(c) ਮਾਂ ਦੁਆਰਾ ਸਕੂਟਰ ਤੇ ਸਕੂਲ ਛੱਡਣ ਦੀ ਬਜਾਏ ਤੁਹਾਡਾ ਸਕੂਲ ਨੂੰ ਪੈਦਲ ਜਾਣਾ।**
- (d) **ਓਪਰੋਕਤ ਸਾਰੇ।** ✓

**ਪ੍ਰਸ਼ਨ 4– ਕੀ ਹੋਵੇਗਾ ਜੇ ਅਸੀਂ ਇੱਕ ਆਹਾਰੀ ਪੱਧਰ ਦੇ ਸਾਰੇ ਜੀਵਾਂ ਨੂੰ ਮਾਰ ਦੇਈਏ?**

ਉੱਤਰ 5– ਅਜਿਹਾ ਕਰਨ ਤੇ ਪਰਿਸਥਿਤਿਕ ਸੰਤੁਲਨ ਵਿਗੜ ਜਾਵੇਗਾ। ਉਦਾਹਰਨ ਦੇ ਤੌਰ ਤੇ ਹੇਠਾਂ ਦਿੱਤੀ ਭੋਜਨ ਲੜੀ ਵਿੱਚ ਜੇਕਰ ਉਤਪਾਦਕਾਂ ਨੂੰ ਖਤਮ ਕਰ ਦੇਈਏ ਤਾਂ ਸ਼ਾਕਾਹਾਰੀ ਜੀਵਾਂ ਨੂੰ ਭੋਜਨ ਨਹੀਂ ਮਿਲੇਗਾ ਅਤੇ ਸ਼ਾਕਾਹਾਰੀ ਮਰ ਜਾਣਗੇ। ਜੇਕਰ ਸਾਰੇ ਮਾਸਾਹਾਰੀ ਜੀਵਾਂ ਨੂੰ ਮਾਰ ਦੇਈਏ ਤਾਂ ਸ਼ਾਕਾਹਾਰੀਆਂ ਦੀ ਗਿਣਤੀ ਵਧ ਜਾਵੇਗੀ ਜੋ ਪੌਦਿਆਂ ਨੂੰ ਖਤਮ ਕਰ ਦੇਣਗੇ।

ਘਾਹ (ਉਤਪਾਦਕ)-----→ਘਾਹ ਦਾ ਟਿੱਡਾ (ਸਾਕਾਹਾਰੀ)---→ ਡੱਡੂ (ਮਾਸਾਹਾਰੀ)

**ਪ੍ਰਸ਼ਨ 5– ਕੀ ਕਿਸੇ ਆਹਾਰੀ ਪੱਧਰ ਦੇ ਸਾਰੇ ਮੈਬਰਾਂ ਨੂੰ ਹਟਾਉਣ ਦਾ ਪ੍ਰਭਾਵ ਭਿੰਨ ਭਿੰਨ ਆਹਾਰੀ ਪੱਧਰਾਂ ਲਈ ਵੱਖ–ਵੱਖ ਹੋਵੇਗਾ? ਕੀ ਕਿਸੇ ਆਹਾਰੀ ਪੱਧਰ ਦੇ ਜੀਵਾਂ ਨੂੰ ਪਰਿਸਥਿਤਿਕ ਪ੍ਰਬੰਧ ਨੂੰ ਪ੍ਰਭਾਵਿਤ ਕੀਤੇ ਬਿਨ੍ਹਾਂ ਹਟਾਉਣਾ ਸੰਭਵ ਹੈ?**

GSSS SCHOOLMACHHIKE (MOGA)

ਉੱਤਰ- ਹਾਂ, ਕਿਸੇ ਆਹਾਰੀ ਪੱਧਰ ਦੇ ਸਾਰੇ ਮੈਬਰਾਂ ਨੂੰ ਹਟਾਉਣ ਦਾ ਪ੍ਰਭਾਵ ਭਿੰਨ ਭਿੰਨ ਆਹਾਰੀ ਪੱਧਰਾਂ ਲਈ ਵੱਖ-ਵੱਖ ਹੋਵੇਗਾ। ਉਦਾਹਰਨ ਦੇ ਤੌਰ ਤੇ ਹੇਠਾਂ ਦਿੱਤੀ ਭੋਜਨ ਲੜੀ ਵਿੱਚ ਜੇਕਰ ਉਤਪਾਦਕਾਂ ਨੂੰ ਖਤਮ ਕਰ ਦੇਈਏ ਤਾਂ ਸ਼ਾਕਾਹਾਰੀ ਜੀਵਾਂ ਨੂੰ ਭੋਜਨ ਨਹੀਂ ਮਿਲੇਗਾ ਅਤੇ ਸ਼ਾਕਾਹਾਰੀ ਮਰ ਜਾਣਗੇ। ਜੇਕਰ ਸਾਰੇ ਮਾਸਾਹਾਰੀ ਜੀਵਾਂ ਨੂੰ ਮਾਰ ਦੇਈਏ ਤਾਂ ਸ਼ਾਕਾਹਾਰੀਆਂ ਦੀ ਗਿਣਤੀ ਵਧ ਜਾਵੇਗੀ ਜੋ ਪੌਦਿਆਂ ਨੂੰ ਖਤਮ ਕਰ ਦੇਣਗੇ।

ਘਾਹ (ਉਤਪਾਦਕ)-----→ਘਾਹ ਦਾ ਟਿੱਡਾ (ਸਾਕਾਹਾਰੀ)---→ ਡੱਡੂ (ਮਾਸਾਹਾਰੀ)

ਇਸ ਤਰ੍ਹਾਂ ਕਿਸੇ ਆਹਾਰੀ ਪੱਧਰ ਦੇ ਜੀਵਾਂ ਨੂੰ ਪਰਿਸਥਿਤਿਕ ਪ੍ਰਬੰਧ ਨੂੰ ਪ੍ਰਭਾਵਿਤ ਕੀਤੇ ਬਿਨ੍ਹਾਂ ਹਟਾਉਣਾ ਸੰਭਵ ਨਹੀਂ ਹੈ।

**ਪ੍ਰਸ਼ਨ 6- ਜੈਵਿਕ ਵਧਾਓ ਕੀ ਹੈ? ਕੀ ਪਰਿਸਥਿਤਿਕ ਪ੍ਰਬੰਧ ਦੇ ਭਿੰਨ ਪੱਧਰਾਂ ਉੱਤੇ ਜੈਵਿਕ ਵਧਾਓ ਦਾ ਪ੍ਰਭਾਵ ਵੀ ਵੱਖ-ਵੱਖ ਹੋਵੇਗਾ?**

ਉੱਤਰ- ਭੋਜਨ ਲੜੀ ਦੇ ਹਰੇਕ ਆਹਾਰੀ ਪੱਧਰ ਤੇ ਹਾਨੀਕਾਰਕ ਰਸਾਇਣਾਂ ਦੀ ਸੰਘਣਤਾ ਵਧਣ ਨੂੰ ਜੈਵਿਕ ਵਧਾਓ ਕਹਿੰਦੇ ਹਨ।ਪਰਿਸਥਿਤਿਕ ਪ੍ਰਬੰਧ ਦੇ ਭਿੰਨ ਪੱਧਰਾਂ ਉੱਤੇ ਜੈਵਿਕ ਵਧਾਓ ਦਾ ਪ੍ਰਭਾਵ ਵੀ ਵੱਖ-ਵੱਖ ਹੋਵੇਗਾ।ਸਿਖਰੀ ਆਹਾਰੀ ਪੱਧਰ ਤੇ ਜੈਵਿਕ ਵਧਾਓ ਦਾ ਪ੍ਰਭਾਵ ਪਹਿਲੇ ਆਹਾਰੀ ਪੱਧਰ ਨਾਲੋਂ ਵੱਧ ਹੋਵੇਗਾ।

**ਪ੍ਰਸ਼ਨ 7- ਸਾਡੇ ਦੁਆਰਾ ਪੈਦਾ ਜੈਵ-ਅਵਿਘਟਨਸ਼ੀਲ ਕਚਰੇ ਤੋਂ ਕਿਹੜੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ?**

ਉੱਤਰ- (1) ਜੈਵ ਅਵਿਘਟਨਸ਼ੀਲ ਪਦਾਰਥ ਹਵਾ, ਪਾਣੀ ਅਤੇ ਮਿੱਟੀ ਦਾ ਪ੍ਰਦੂਸ਼ਣ ਕਰਦੇ ਹਨ ।

(2) ਜੈਵ ਅਵਿਘਟਨਸ਼ੀਲ ਪਦਾਰਥ ਭੋਜਨ ਲੜੀ ਵਿੱਚ ਰਲ ਕੇ ਜੈਵਿਕ ਵਧਾਓ ਦਾ ਕਾਰਨ ਬਣਦੇ ਹਨ।

(3) ਸਾਡੇ ਦੁਆਰਾ ਸੁੱਟੇ ਪਾਲੀਥੀਨ ਦੇ ਲਿਫਾਫੇ ਨਾਲੀਆਂ ਵਿੱਚ ਫਸ ਕੇ ਨਿਕਾਸੀ ਪ੍ਰਬੰਧ ਖਰਾਬ ਕਰਦੇ ਹਨ।

(4) ਜੇਕਰ ਪਾਲੀਥੀਨ ਲਿਫਾਫੇ ਜਾਨਵਰਾਂ ਦੁਆਰਾ ਨਿਘਲ ਲਏ ਜਾਣ ਤਾਂ ਇਹ ਉਹਨਾਂ ਦੀ ਮੌਤ ਦਾ ਕਾਰਨ ਬਣ ਸਕਦੇ ਹਨ।

**ਪ੍ਰਸ਼ਨ 8- ਜੇਕਰ ਸਾਡੇ ਦੁਆਰਾ ਪੈਦਾ ਸਾਰਾ ਕਚਰਾ ਜੈਵ ਵਿਘਟਨਸ਼ੀਲ ਹੋਵੇ ਤਾਂ ਕੀ ਇਸਦਾ ਸਾਡੇ ਵਾਤਾਵਰਨ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ?**

ਉੱਤਰ- ਭਾਵੇਂ ਸਾਡੇ ਦੁਆਰਾ ਪੈਦਾ ਸਾਰਾ ਕਚਰਾ ਜੈਵ ਵਿਘਟਨਸ਼ੀਲ ਹੋਵੇ ਤਾਂ ਵੀ ਸਹੀ ਨਿਪਟਾਰਾ ਨਾਂ ਕਰਨ ਤੇ ਸਾਡੇ ਵਾਤਾਵਰਨ ਉੱਤੇ ਇਸਦਾ ਬੁਰਾ ਪ੍ਰਭਾਵ ਪਵੇਗਾ ਕਿਉਂ ਕਿ-

(1) ਜੈਵ ਵਿਘਟਨਸ਼ੀਲ ਪਦਾਰਥਾਂ ਦੇ ਵਿਘਟਨ ਦੌਰਾਨ ਦੁਰਗੰਧ ਪੈਦਾ ਹੁੰਦੀ ਹੈ ਅਤੇ ਹਵਾ ਪ੍ਰਦੂਸ਼ਣ ਹੁੰਦਾ ਹੈ।

(2) ਵਿਘਟਨ ਤੋਂ ਬਾਅਦ ਬਣੇ ਪਦਾਰਥ ਤੇ ਮੱਖੀਆਂ ਅਤੇ ਮੱਛਰਾਂ ਦਾ ਵਾਧਾ ਹੋਣ ਨਾਲ ਬਿਮਾਰੀਆਂ ਵਧਦੀਆਂ ਹਨ।

**ਪ੍ਰਸ਼ਨ 9- ਓਜੋਨ ਪਰਤ ਦੀ ਹਾਨੀ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ।ਇਸ ਹਾਨੀ ਨੂੰ ਘੱਟ ਕਰਨ ਲਈ ਕੀ ਕਦਮ ਉਠਾਏ ਗਏ ਹਨ?**

ਉੱਤਰ- ਓਜੋਨ ਆਕਸੀਜਨ ਦਾ ਤੀਹਰਾ ਪਰਮਾਣੂ ਹੈ। ਓਜ਼ੋਨ ਸਾਡੇ ਵਾਯੂਮੰਡਲ ਦੀ ਇੱਕ ਪਰਤ ਹੈ ਜੋ ਸਾਨੂੰ ਸੂਰਜ ਤੋਂ ਆਉਣ ਵਾਲੀਆਂ ਖਤਰਨਾਕ ਪਰਾਬੈਂਗਨੀ ਕਿਰਨਾਂ ਤੋਂ ਬਚਾਉਂਦੀ ਹੈ।ਪਰਾਬੈਂਗਨੀ ਕਿਰਨਾਂ ਮਨੁੱਖ ਵਿੱਚ ਚਮੜੀ ਦਾ ਕੈਂਸਰ ਕਰਦੀਆਂ ਹਨ।ਕਲੋਰੋ-ਫਲੋਰੋ ਕਾਰਬਨ (CFC) ਜਿਹੇ ਪਦਾਰਥ ਓਜੋਨ ਦੀ ਪਰਤ ਨੂੰ ਨੁਕਸਾਨ ਪਹੁੰਚਾਉਂਦੇ ਹਨ। ਓਜੋਨ ਦੀ ਹਾਨੀ ਨੂੰ ਘੱਟ ਕਰਨ ਲਈ ਵੱਖ-ਵੱਖ ਯੰਤਰਾਂ ਵਿੱਚ CFC ਵਰਗੇ ਪਦਾਰਥਾਂ ਦਾ ਉਪਯੋਗ ਘਟਾਉਣ ਲਈ 1987 ਵਿੱਚ ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ (UNEP) ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ।

GSSS SCHOOL MACHHIKE (MOGA)

**ਪ੍ਰਸ਼ਨ 10– ਹਰਾ ਗ੍ਰਹਿ ਜਾਂ ਗਰੀਨ ਹਾਊਸ ਪ੍ਰਭਾਵ ਕੀ ਹੈ?**

ਉੱਤਰ- ਹਵਾ ਵਿੱਚ ਮੌਜੂਦ ਕਾਰਬਨ ਡਾਈਆਕਸਾਈਡ ਅਤੇ ਨਾਈਟ੍ਰੋਜਨ ਡਾਈਆਕਸਾਈਡ ਵਰਗੀਆਂ ਗੈਸਾਂ, ਧਰਤੀ ਨਾਲ ਟਕਰਾ ਕੇ ਮੁੜ ਰਹੇ ਪ੍ਰਕਾਸ਼ ਵਿਚਲੀ ਗਰਮੀ ਨੂੰ ਸੋਖ ਕੇ ਵਾਯੂਮੰਡਲ ਦਾ ਤਾਪਮਾਨ ਵਧਾ ਦਿੰਦੀਆਂ ਹਨ। ਇਸ ਪ੍ਰਭਾਵ ਨੂੰ ਹਰਾ ਗ੍ਰਹਿ ਜਾਂ ਗਰੀਨ ਹਾਊਸ ਪ੍ਰਭਾਵ ਕਹਿੰਦੇ ਹਨ।

**ਪ੍ਰਸ਼ਨ 11– ਗਲੋਬਲ ਵਾਰਮਿੰਗ ਕੀ ਹੈ?**

ਉੱਤਰ- ਦਰਤੀ ਤੇ ਪ੍ਰਦੂਸ਼ਣ ਵਧਣ ਨਾਲ ਹਰਾ ਗ੍ਰਹਿ ਪ੍ਰਭਾਵ ਵਧਦਾ ਹੈ, ਜਿਸ ਨਾਲ ਧਰਤੀ ਦਾ ਔਸਤ ਤਾਪਮਾਨ ਹੌਲੀ-ਹੌਲੀ ਵਧ ਰਿਹਾ ਹੈ। ਇਸ ਨੂੰ ਗਲੋਬਲ ਵਾਰਮਿੰਗ ਕਹਿੰਦੇ ਹਨ।

G S S SCHOOL MACHHIKE (MOGA)